G. 649

# ਪ੍ਰਕਾਸ਼ਕਾਂ ਵਲੋਂ

ਇਹ ਸਾਡੀ "ਲੜੀ" ਦੀ ਪੰਜਵੀਂ ਪੁਸਤਕ ਹੈ। ਸਾਨੂੰ ਖ਼ੁਸ਼ੀ ਹੈ ਕਿ ਇਸ "ਲੜੀ" ਦੇ ਤਿਆਰ ਕਰਨ ਲਈ ਅਸੀਂ ਸੋਢੀ ਬ੍ਰਿਜਿੰਦ੍ਰ ਸਿੰਘ ਜੀ ਵਰਗੇ ਸੁਹਿਰਦ ਲਿਖਾਰੀਆਂ ਦੀ ਮਦਦ ਲੈ ਸਕੇ ਹਾਂ।

"ਰਾਜ਼" ਅੰਗਰੇਜ਼ੀ ਸਾਹਿਤ ਦੇ ਇਕ ਚਮਕਦੇ ਸਿਤਾਰੇ "A Study in Scarlet" ਦਾ ਅਨੁਵਾਦ ਹੈ। ਅੰਗਰੇਜ਼ੀ ਪੜ੍ਹਿਆ ਸ਼ਾਇਦ ਹੀ ਕੋਈ ਅਜਿਹਾ ਸਜਨ ਲਭ ਸਕਦਾ ਹੋਵੇਗਾ ਜਿਸ ਨੇ ਕਿ "ਸ਼ਰਲਕ ਹੋਮਜ਼" ਦਾ ਨਾਂ ਨਾ ਸੁਣਿਆ ਹੋਵੇ ਜਾਂ ਇਕ ਅਧ ਇਸ 'ਸੀਰੀਜ਼' ਦੀ ਕਿਤਾਬ ਨਾ ਪੜ੍ਹੀ ਹੋਵੇ। ਪੰਜਾਬੀ ਸਾਹਿਤ ਵਿਚ ਇਹ ਘਾਟਾ ਪੂਰਾ ਕਰਨ ਦਾ ਮਾਣ ਸੋਢੀ ਜੀ ਨੇ ਸਾਨੂੰ ਦਿਤਾ ਹੈ, ਅਸੀਂ ਇਸ ਗਲ ਲਈ ਬੜੇ ਕ੍ਰਿਤਗਜ ਹਾਂ।

ਕਿਤਾਬ ਦੀ ਸੁਧਾਈ ਤੇ ਛਪਵਾਈ ਵਿਚ ਸ: ਨਾਨਕ ਸਿੰਘ ਜੀ ਨਾਵਲਿਸਟ ਨੇ ਆਪਣੇ ਕੀਮਤੀ ਵਕਤ ਵਿਚੋਂ ਵੇਲੇ ਕੁਵੇਲੇ ਸਮਾਂ ਦੇ ਕੇ ਸਾਡਾ ਹਥ ਵਟਾਇਆ ਹੈ, ਅਸੀਂ ਦਿਲੋਂ ਧਨਵਾਦੀ ਹਾਂ।

ਆਸ ਹੈ ਪੰਜਾਬੀ ਸੰਸਾਰ ਸਾਡੀ ਇਸ ਮਿਹਨਤ ਨੂੰ ਪ੍ਰਵਾਨ ਕਰੇਗਾ।

ਪਹਿਲੀ ਵੇਰ ਅਕਤੂਬਰ ੧੯੪੧ ੧੧੦੦

Printed at the Preet Sainik Press, Preet Nagar, and Published by M/s Modern Publishing House, Preet Nagar.

# — ਦੋ ਗੱਲਾਂ —

'ਸ਼ਰਲਕ ਹੋਮਜ਼' ਸਿਲਸਿਲੇ ਦੀ ਅਤਿ ਵਧੀਆ ਲਿਖਤ "ਏ ਸਟੱਡੀ ਇਨ ਸਕਾਰਲੇਟ" ਏਸ ਸ਼ਕਲ ਵਿਚ ਪੇਸ਼ ਕਰਨ ਦਾ ਇਕੋ ਇਕ ਕਾਰਣ ਪੰਜਾਬੀ ਨਾਲ ਮੇਰਾ ਪਿਆਰ ਹੈ, ਹੋਰ ਕੁਝ ਨਹੀਂ।

ਉਲਥਾ ਚੰਗਾ ਹੋਇਆ ਹੈ ਜਾਂ ਮਾੜਾ, ਇਹ ਕਹਿਣਾ ਮੈਨੂੰ ਨਹੀਂ ਬਣਦਾ, ਇਹ ਨਿਰਨਾ ਆਦਿ ਤੋਂ ਹੀ ਪਾਠਕਾਂ ਦਾ ਹੱਕ ਮੰਨਿਆ ਗਿਆ ਹੈ, ਅਤੇ ਉਹਨਾਂ ਦੇ ਏਸ ਹੱਕ ਤੋਂ ਮੈਨੂੰ ਵੀ ਕੋਈ ਇਨਕਾਰ ਨਹੀਂ, ਸਗੋਂ ਖ਼ੁਸ਼ੀ ਹੈ।

ਏਸ ਪੁਸਤਕ ਸੰਬੰਧੀ ਕੋਈ ਜਾਣ ਪਛਾਣ ਨਹੀਂ ਲਿਖਵਾਈ ਗਈ, ਅਤੇ ਉਹ ਏਸੇ ਲਈ ਕਿ ਏਸ ਤਰ੍ਹਾਂ ਨਾਲੋਂ, ਵਕਤ ਭਾਵੇਂ ਦੀ ਲਗ ਜਾਵੇ, ਪਰ ਆਪੂੰ ਪਾਈ ਗਈ ਵਾਕਫ਼ੀਅਤ ਪਕੇਰੀ ਅਤੇ ਵਧੇਰੇ ਸੁਆਦਲੀ ਸਾਬਤ ਹੋਇਆ ਕਰਦੀ ਹੈ, ਅਤੇ ਸੁਆਦ ਨੂੰ ਵਕਤ ਉੱਤੋਂ ਕੁਰਬਾਨ ਕਰਨਾ ਮੈਨੂੰ ਕਦੇ ਵੀ ਚੰਗਾ ਨਹੀਂ ਲੱਗਾ।

ਕਿਤਾਬ ਦੀ ਛਪਵਾਈ, ਸੁਧਾਈ, ਅਤੇ ਬੁੰਨਾਈ ਆਦਿ ਸਭ ਸਿਫ਼ਤਾਂ "ਦੀ ਮੌਡਰਨ ਪਬਲਿਸ਼ਿੰਗ ਹਾਊਸ" ਦੀ ਮਿਹਨਤ ਕਰਕੇ ਹਨ, ਤਰੁਟੀਆਂ ਹੋਰ ਜਿਹੜੀਆਂ ਵੀ ਹੋਣ ਉਹ ਮੇਰਾ ਹਿੱਸਾ ਹੈ।

ਛਛਰੋਲੀ<br>ਰਿਆਸਤ ਕਲਸੀਆ<br>੨੦-੧੦-੪੧

ਬ੍ਰਿਜਿੰਦ੍ਰ ਸਿੰਘ ਸੋਢੀ<br>ਐਮ. ਏ., ਐਲ ਐਲ. ਬੀ

# ੧

ਸੰਨ ੧੯੧੯ ਦਾ ਸਮਾਂ ਸੀ, ਲੰਡਨ ਯੂਨੀਵਰਸਿਟੀ ਦੀ ਐਮ. ਡੀ. ਦੀ ਡਿਗਰੀ ਪ੍ਰਾਪਤ ਕਰ ਕੇ ਕੁਝ ਸਮੇਂ ਲਈ ਲੋੜੀਂਦੀ ਫ਼ੌਜੀ ਟਰੇਨਿੰਗ ਲੈਣ ਲਈ ਮੈਨਿਟਲੇ ਸ਼ਹਿਰ ਵਿਖੇ ਚਲਾ ਗਿਆ। ਜਦੋਂ ਮੈਂ ਉਥੋਂ ਦਾ ਨੀਅਤ ਕੋਰਸ ਵੀ ਪੂਰਾ ਕਰ ਲਿਆ ਤਾਂ ਸਰਕਾਰ ਨੇ ਮੈਨੂੰ ਪੰਜ ਨੰਬਰ ਗੋਰਾ ਪਲਟਨ ਦਾ ਡਾਕਟਰ ਨੀਅਤ ਕਰ ਦਿੱਤਾ। ਮੇਰੀ ਪਲਟਨ ਉਨ੍ਹੀਂ ਦਿਨੀਂ ਹਿੰਦੁਸਤਾਨ ਵਿਚ ਸੀ, ਇਸ ਲਈ ਮੈਨੂੰ ਵੀ ਹਿੰਦੁਸਤਾਨ ਜਾਣਾ ਪਿਆ। ਅਜੇ ਮੈਂ ਜਹਾਜ਼ ਵਿਚ ਹੀ ਸਾਂ ਜੋ ਅੰਗਰੇਜ਼ਾਂ ਅਤੇ ਅਫ਼ਗਾਨਾਂ ਦੀ ਦੂਜੀ ਲੜਾਈ ਸ਼ੁਰੂ ਹੋ ਗਈ ਅਤੇ ਜਦ ਮੈਂ ਬੰਬਈ ਪੁੱਜਾ ਤਾਂ ਮੇਰੀ ਪਲ-ਟਨ ਦੱਰਾ ਖ਼ੈਬਰ ਵਿੱਚੋਂ ਦੀ ਲੰਘ ਕੇ ਦੁਸ਼ਮਨ ਨਾਲ ਕਾਬਲ ਦੇ ਲਾਗੇ ਚਾਗੇ ਹੀ ਮੋਰਚੇ ਬੰਨ੍ਹੀ ਬੈਠੀ ਸੀ। ਮੈਂ ਜਿਉਂ ਤਿਉਂ ਕਰ ਕੇ ਸਣੇ ਕਈ ਕੁ ਹੋਰ ਫ਼ੌਜੀ ਅਫਸਰਾਂ ਦੇ ਜਿਹੜੇ ਕਿ ਮੇਰੇ ਨਾਲ ਹੀ ਮੇਰੇ ਜਹਾਜ਼ ਵਿਚ ਵਲੈਤੋਂ ਆਏ ਸਨ, ਕੰਧਾਰ ਅੱਪੜ ਪਿਆ ਅਤੇ ਜਿਵੇਂ ਕਿ ਜ਼ਰੂਰੀ ਸੀ ਜਾਂਦਿਆਂ ਸਾਰ ਹੀ ਮੈਂ ਆਪਣੇ ਨਵੇਂ ਅਹੁਦੇ ਦਾ ਚਾਰਜ ਸਾਂਭ ਕੇ ਆਪਣੇ ਕੰਮ ਵਿਚ ਤਨਦਿਹੀ ਨਾਲ ਜੁੱਟ ਗਿਆ।

ਉਸ ਲੜਾਈ ਵਿਚ ਸੈਂਕੜੇ ਹੀ ਅਫਸਰਾਂ ਨੂੰ ਖ਼ਿਤਾਬ ਮਿਲੇ ਅਤੇ ਹਜ਼ਾਰਾਂ ਹੀ ਸਿਪਾਹੀਆਂ ਨੇ ਇਨਾਮ ਪ੍ਰਾਪਤ ਕੀਤੇ,

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.